# ਪੰਜਾਬ ਸਕੂਲ ਸਿੱਖਿਆ ਬੋਰਡ

## ਅੰਮ੍ਰਿਤਸਰ ਜ਼ੋਨ ਦੇ ਬੋਰਡ ਮੁਕਾਬਲੇ ਹੁਣ ਤਰਨਤਾਰਨ ਵਿੱਚ 13 ਤੋਂ 15 ਅਕਤੂਬਰ 2019 ਤੱਕ

ਐੱਸ.ਏ.ਐੱਸ. ਨਗਰ, 09 ਅਕਤੂਬਰ ( ): ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਕਰਵਾਏ ਜਾ ਰਹੇ ਜ਼ੋਨ ਪੱਧਰੀ ਸਹਿ-ਅਕਾਦਮਿਕ ਵਿੱਦਿਅਕ ਮੁਕਾਬਲਿਆਂ ਦੌਰਾਨ ਜ਼ੋਨ ਅੰਮ੍ਰਿਤਸਰ ਦੇ ਮੁਕਾਬਲੇ ਪ੍ਰਸ਼ਾਸਕੀ ਕਾਰਨਾਂ ਕਰਕੇ 13 ਤੋਂ 15 ਅਕਤੂਬਰ 2019 ਤੱਕ ਸਥਿਤ ਸ੍ਰੀ ਗੁਰੂ ਅਰਜਨ ਦੇਵ ਸਰਕਾਰੀ ਕੰਨਿਆ ਸੈਕੰਡਰੀ ਸਕੂਲ, ਤਰਨਤਾਰਨ ਵਿਖੇ ਕਰਵਾਏ ਜਾਣਗੇ।

ਬੋਰਡ ਵੱਲੋਂ ਜਾਰੀ ਜਾਣਕਾਰੀ ਅਨੁਸਾਰ ਅੰਮ੍ਰਿਤਸਰ ਜ਼ੋਨ ਜਿਸ ਵਿੱਚ ਅੰਮ੍ਰਿਤਸਰ ਤੋਂ ਇਲਾਵਾ ਤਰਨਤਾਰਨ, ਕਪੂਰਥਲਾ, ਗੁਰਦਾਸਪੁਰ ਅਤੇ ਪਠਾਨਕੋਟ ਜ਼ਿਲ੍ਹੇ ਪੈਂਦੇ ਹਨ, ਦੇ ਪ੍ਰਾਇਮਰੀ ਵਰਗ ਮੁਕਾਬਲੇ 13 ਅਕਤੂਬਰ ਨੂੰ, ਮਿਡਲ ਵਰਗ ਮੁਕਾਬਲੇ 14 ਅਕਤੂਬਰ ਨੂੰ ਅਤੇ ਸੈਕੰਡਰੀ ਵਰਗ ਮੁਕਾਬਲੇ 15 ਅਕਤੂਬਰ ਨੂੰ ਤਰਨਤਾਰਨ ਵਿਖੇ ਕਰਵਾਏ ਜਾਣਗੇ।

ਇਸੇ ਦੌਰਾਨ ਸੈਕੰਡਰੀ ਪੱਧਰ ਦੇ ਇਕਾਂਗੀ ਤੇ ਗਤਕਾ ਮੁਕਾਬਲੇ 13 ਅਕਤੂਬਰ ਨੂੰ ਹੀ ਮੁਕੰਮਲ ਕਰ ਲਏ ਜਾਣਗੇ। ਪੰਜਾਬ ਦੇ ਸਿੱਖਿਆ ਮੰਤਰੀ ਸ੍ਰੀ ਵਿਜੈਇੰਦਰ ਸਿੰਗਲਾ 15 ਅਕਤੂਬਰ (ਮੰਗਲਵਾਰ) ਨੂੰ ਸ਼ਾਮ 4 ਵਜੇ ਮੁਕਾਬਲਿਆਂ ਦੇ ਇਨਾਮ ਤੇ ਵਧੀਆ ਅਕਾਦਮਿਕ ਕਾਰਗੁਜ਼ਾਰੀ ਵਾਲੇ ਅੰਮ੍ਰਿਤਸਰ ਜ਼ੋਨ ਦੇ ਵਿੱਦਿਆਰਥੀਆਂ ਨੂੰ ਇਨਾਮੀ ਰਾਸ਼ੀ ਦੇ ਚੈੱਕ ਵੀ ਪ੍ਰਦਾਨ ਕਰਨਗੇ।

Ram Lethaya

ਡਿਪਟੀ ਡਾਇ.(ਫੀ.ਪ੍ਰੋ.)